# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**14:35 Pm**

**ਮਿਤੀ: 01-02-2025**

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿਚ ਕੇਂਦਰੀ ਬਜਟ ਮਾਲੀ ਸਾਲ 2025-26 ਲਈ ਬਜਟ ਪੇਸ਼ ਕੀਤਾ। ਬਜਟ ਪੇਸ਼ ਕਰਦੇ ਹੋਏ ਕੇਂਦਰੀ ਵਿੱਤ ਮੰਤਰੀ ਨੇ ਕਿਹਾ ਕਿ ਪ੍ਰਸਤਾਵਤ ਬਜਟ ਵਿਚ 10 ਪ੍ਰਮੁੱਖ ਖੇਤਰਾਂ 'ਤੇ ਧਿਆਨ ਕੇਂਦਰਤ ਕੀਤਾ ਗਿਆ ਏ ਤੇ ਸਰਕਾਰ ਦਾ ਟੀਚਾ ਅਗਲੇ 5 ਸਾਲਾਂ ਵਿਚ ਰੁਜ਼ਗਾਰ-ਮੁਖੀ ਵਿਕਾਸ ਕਰਨਾ ਏ। ਵਿੱਤ ਮੰਤਰੀ ਨੇ ਕਿਹਾ ਕਿ ਸਰਕਾਰ ਦਾਲਾਂ ਦੇ ਖੇਤਰ ਵਿਚ ਸਵੈ-ਨਿਰਭਰਤਾ ਹਾਸਲ ਕਰਨ ਲਈ 6 ਸਾਲਾਂ ਦਾ ਮਿਸ਼ਨ ਸ਼ੁਰੂ ਕਰੇਗੀ। ਇਵੇਂ ਹੀ, ਮਖਾਣਿਆਂ ਦੀ ਪੈਦਾਵਾਰ ਅਤੇ ਮੰਡੀਕਰਨ ਨੂੰ ਬਿਹਤਰ ਬਣਾਉਣ ਲਈ ਮਖਾਣਾ ਬੋਰਡ ਬਣਾਇਆ ਜਾਵੇਗਾ ਤੇ ਉੱਚ ਉਪਜ ਵਾਲੇ ਬੀਜਾਂ ਬਾਰੇ ਰਾਸ਼ਟਰੀ ਮਿਸ਼ਨ ਵੀ ਸ਼ੁਰੂ ਕੀਤਾ ਜਾਵੇਗਾ। ਉਨਾਂ ਕਿਹਾ ਕਿ ਅਸਿੱਧੇ ਟੈਕਸਾਂ ਵਿਚ ਉਦਯੋਗਿਕ ਵਸਤਾਂ ਲਈ ਕਸਟਮ

ਡਿਊਟੀ ਅਤੇ ਟੈਰਿਫ ਢਾਂਚੇ ਨੂੰ ਤਰਕਸੰਗਤ ਬਣਾਉਣ ਲਈ ਉਪਾਅ ਕੀਤੇ ਗਏ ਨੇ। ਬਜਟ ਵਿਚ ਦਵਾਈਆਂ ਦੀ ਦਰਾਮਦ 'ਤੇ ਰਾਹਤ ਦੇਣ ਦੀ ਤਜਵੀਜ਼ ਕੀਤੀ ਗਈ ਏ। ਕੈਂਸਰ, ਅਸਾਧਾਰਨ ਬਿਮਾਰੀਆਂ ਅਤੇ ਹੋਰ ਗੰਭੀਰ ਭਿਆਨਕ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਰਾਹਤ ਦੇਣ ਲਈ 36 ਜੀਵਨ ਬਚਾਉਣ ਵਾਲੀਆਂ ਦਵਾਈਆਂ ਨੂੰ ਮੁੱਢਲੀ ਕਸਟਮ ਡਿਊਟੀ ਤੋਂ ਪੂਰੀ ਤਰ੍ਹਾਂ ਛੋਟ ਵਾਲੀਆਂ ਦਵਾਈਆਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਤਜਵੀਜ਼  ਏ। ਉਨ੍ਹਾਂ ਕਿਹਾ ਕਿ ਫੁਟਵੀਅਰ ਤੇ ਚਮੜਾ ਸੈਕਟਰ ਲਈ ਕੇਂਦਰਤ ਸਕੀਮਾਂ ਲਾਗੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਭਾਰਤ ਨੂੰ ਖਿਡੌਣਾ ਨਿਰਮਾਣ ਦਾ ਆਲਮੀ ਕੇਂਦਰ ਬਣਾਉਣ ਦੀ ਯੋਜਨਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਰੇ ਸਰਕਾਰੀ ਸੈਕੰਡਰੀ ਸਕੂਲਾਂ ਤੇ ਪ੍ਰਾਇਮਰੀ ਹੈਲਥ ਸੈਂਟਰਾਂ ਨੂੰ ਬਰਾਡਬੈਂਡ ਕਨੈਕਟੀਵਿਟੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ਅਗਲੇ ਤਿੰਨ ਸਾਲਾਂ ਵਿਚ ਸਾਰੇ ਜ਼ਿਲ੍ਹਿਆਂ ਵਿਚ ਕੈਂਸਰ ਦੇ ਇਲਾਜ ਲਈ ਕੈਂਸਰ ਸੈਂਟਰ ਅਤੇ ਡੇ-ਕੇਅਰ ਸੈਂਟਰ ਸਥਾਪਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੈਡੀਕਲ ਕਾਲਜਾਂ ਵਿੱਚ ਦਸ ਹਜ਼ਾਰ ਵਾਧੂ ਸੀਟਾਂ ਵਧਾਈਆਂ ਜਾਣਗੀਆਂ ਅਤੇ

ਨਿੱਜੀ ਖੇਤਰ ਦੀ ਭਾਈਵਾਲੀ ਨਾਲ ਮੈਡੀਕਲ ਟੂਰਿਜ਼ਮ ਅਤੇ ਹੀਲ ਇਨ ਇੰਡੀਆ ਨੀਤੀ ਨੂੰ ਅੱਗੇ ਵਧਾਇਆ ਜਾਵੇਗਾ। ਵਿੱਤ ਮੰਤਰੀ ਨੇ ਕਿਹਾ ਕਿ ਤਕਨੀਕੀ ਖੋਜ ਲਈ ਦਸ ਹਜ਼ਾਰ ਪੀਐਮ ਰਿਸਰਚ ਫੈਲੋਸ਼ਿਪ ਦਿਤੀਆਂ ਜਾਣਗੀਆਂ। ਪ੍ਰਤਖ ਟੈਕਸਾਂ ਦੇ ਸਬੰਧ ਵਿਚ ਵਿੱਤ ਮੰਤਰੀ ਨੇ ਦਰਾਂ ਅਤੇ ਸੀਮਾਵਾਂ ਦੀ ਗਿਣਤੀ ਘਟਾ ਕੇ ਆਮਦਨ ਸਰੋਤ 'ਤੇ ਟੈਕਸ ਕਟੌਤੀ (ਟੀਡੀਐਸ) ਨੂੰ ਤਰਕਸੰਗਤ ਬਣਾਉਣ ਦੀ ਤਜਵੀਜ਼ ਰਖੀ ਏ। ਇਸ ਤੋਂ ਇਲਾਵਾ ਸੀਨੀਅਰ ਨਾਗਰਿਕਾਂ ਲਈ ਵਿਆਜ 'ਤੇ ਕਟੌਤੀ ਦੀ ਹਦ 50 ਹਜ਼ਾਰ ਤੋਂ ਵਧਾ ਕੇ ਇਕ ਲੱਖ ਕੀਤੀ ਜਾ ਰਹੀ ਏ। ਨਵੀਂ ਟੈਕਸ ਵਿਵਸਥਾ ਤਹਿਤ 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਕੋਈ ਇਨਕਮ ਟੈਕਸ ਨਹੀਂ ਲੱਗੇਗਾ। ਤਨਖਾਹਦਾਰ ਟੈਕਸਦਾਤਾਵਾਂ ਲਈ ਇਹ ਹਦ 75 ਹਜ਼ਾਰ ਰੁਪਏ ਦੀ ਮਿਆਰੀ ਕਟੌਤੀ ਕਾਰਨ 12 ਲੱਖ 75 ਹਜ਼ਾਰ ਰੁਪਏ ਹੋਵੇਗੀ।12 ਲੱਖ ਰੁਪਏ ਤੱਕ ਦੀ ਆਮਦਨ ਵਾਲੇ ਟੈਕਸਦਾਤਾਵਾਂ ਲਈ, ਨਿਰਧਾਰਤ ਆਮਦਨ ਦਰ ਤੋਂ ਇਲਾਵਾ ਸਲੈਬ ਦਰ ਵਿਚ ਕਟੌਤੀ ਕੀਤੀ ਜਾ ਰਹੀ ਏ। ਜਲ ਜੀਵਨ ਮਿਸ਼ਨ ਨੂੰ 2028 ਤੱਕ ਵਧਾਉਣ ਦਾ ਐਲਾਨ ਕੀਤਾ ਗਿਆ ਏ। ਇਸ ਦੇ ਤਹਿਤ 2019 ਤੋਂ ਹੁਣ ਤੱਕ 15 ਕਰੋੜ ਤੋਂ

ਵੱਧ ਪਰਿਵਾਰਾਂ ਨੂੰ ਟੂਟੀਆਂ ਰਾਹੀਂ ਪਾਣੀ ਮੁਹੱਈਆ ਕਰਵਾਇਆ ਜਾ ਚੁੱਕਾ ਏ।

---------------------------------------------------------------

ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਗਏ ਬਜਟ ਵਿੱਚ, ਆਮਦਨ ਕਰ ਦਾ ਆਮ ਲੋਕਾਂ ਵੱਲੋਂ ਸਵਾਗਤ ਕੀਤਾ ਗਿਆ ਏ ਜਲੰਧਰ ਦੇ ਰਾਜਨ ਵਰਮਾ ਦਾ ਕਹਿਣਾ ਏ।

**Byte:**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਸਥਿਤ ਪੰਜਾਬ ਸਕੂਲ ਆਫ ਇਕਨੋਮਿਕਸ ਦੇ ਮੁਖੀ ਡਾਕਟਰ ਮਨਦੀਪ ਕੌਰ ਨੇ ਕਿਸਾਨਾਂ ਲਈ ਐਲਾਨੀਆਂ ਗਈਆਂ ਯੋਜਨਾਵਾਂ ਬਾਰੇ ਬੋਲਦਿਆਂ ਕਿਹਾ।

**Byte:**

---------------------------------------------------------------

NCC ਗਰੁੱਪ ਹੈੱਡਕੁਆਰਟਰ, ਜਲੰਧਰ ਵਿਖੇ ਕਮਾਂਡ ਅਫਸਰਾਂ ਤੇ ਪ੍ਰਬੰਧਕੀ ਅਫਸਰਾਂ ਲਈ NCC ਦੇ ਵੱਖ-ਵੱਖ ਸਿਖਲਾਈ ਅਤੇ ਪ੍ਰਸ਼ਾਸਕੀ ਮੁੱਦਿਆਂ 'ਤੇ ਇਕ ਕਾਨਫਰੰਸ ਕਾਰਵਾਈ ਗਈ । ਕਾਨਫਰੰਸ ਦੀ

ਪ੍ਰਧਾਨਗੀ ਗਰੁੱਪ ਕਮਾਂਡਰ ਬ੍ਰਿਗੇਡੀਅਰ ਅਜੇ ਤਿਵਾੜੀ ਨੇ ਕੀਤੀ। ਕਾਨਫਰੰਸ ਵਿਚ 15 ਹਜ਼ਾਰ ਐਨ.ਸੀ.ਸੀ. ਕੈਡਿਟਾਂ ਦੀ ਆਨਲਾਈਨ ਭਰਤੀ, ਇਲੈਕਟ੍ਰਾਨਿਕ ਟ੍ਰਾਂਸਫਰ, ਕੈਡਿਟਾਂ ਦਾ ਡਰੈੱਸ ਭੱਤਾ, ਆਉਣ ਵਾਲੀਆਂ ਬੀ ਤੇ ਸੀ ਸਰਟੀਫਿਕੇਟ ਪ੍ਰੀਖਿਆਵਾਂ, ਵਿਸ਼ਿਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ । ਕਾਨਫਰੰਸ ਵਿਚ ਹੁਸ਼ਿਆਰਪੁਰ, ਕਪੂਰਥਲਾ, ਫ਼ਗਵਾੜਾ ਅਤੇ ਜਲੰਧਰ ਸ਼ਹਿਰ ਦੇ ਕਮਾਂਡ ਅਫ਼ਸਰ, ਪ੍ਰਬੰਧਕੀ ਅਫ਼ਸਰ ਤੇ ਸਾਰੇ ਸਬੰਧਤ ਕਲਰਕ ਮੌਜੂਦ ਸਨ। ਬ੍ਰਿਗੇਡੀਅਰ ਅਜੇ ਤਿਵਾੜੀ ਨੇ ਕਿਹਾ ਕਿ ਦੇਸ਼ ਵਿਚ ਕੁਲ 17 ਐਨਸੀਸੀ ਡਾਇਰੈਕਟੋਰੇਟ ਨੇ, ਬਹੁਤ ਸਾਰੇ ਕੈਡਿਟ ਭਾਰਤੀ ਫ਼ੌਜ, ਨੀਮ ਫੌਜੀ ਬਲਾਂ ਅਤੇ ਪੰਜਾਬ ਪੁਲਿਸ ਵਿਚ ਸ਼ਾਮਲ ਹੋਏ ਨੇ। ਇਸ ਦਾ ਉਦੇਸ਼ ਏ ਕਿ ਕੈਡਿਟ, ਰਾਸ਼ਟਰ ਦੇ ਵਿਕਾਸ ਅਤੇ ਸਮਾਜ ਦੇ ਉਥਾਨ ਵਿਚ ਆਪਣੀ ਨੈਤਿਕ ਜ਼ਿੰਮੇਵਾਰੀ ਨਿਭਾਉਣ। ਉਨ੍ਹਾਂ ਕਿਹਾ ਕਿ ਆਉਣ ਵਾਲੇ ਮਹੀਨਿਆਂ ਵਿੱਚ ਕੈਡਿਟਾਂ ਨੂੰ ਰਾਸ਼ਟਰੀ ਕੈਂਪਾਂ ਵਿਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਏ ਅਤੇ ਆਪਣੇ ਹੁਨਰ ਨੂੰ ਹੋਰ ਨਿਖਾਰਨਾ ਚਾਹੀਦਾ ਏ ।

--------------------------------------------------------------------

ਪੰਜਾਬ ਨੂੰ ਗਰੀਨ ਸਕੂਲ ਪ੍ਰੋਗਰਾਮ ਤਹਿਤ ਵੱਕਾਰੀ ਸਰਬੋਤਮ ਸੂਬਾ ਅਤੇ ‘ਬੈਸਟ ਜਿਲਾ ਐਵਾਰਡਾਂ ਨਾਲ ਸਨਮਾਨਤ ਕੀਤਾ ਜਾਵੇਗਾ। ਅਧਿਕਾਰਤ ਸੂਤਰਾਂ ਮੁਤਾਬਕ ਇਹ ਪੁਰਸਕਾਰ 4 ਫਰਵਰੀ ਨੂੰ ਨਵੀਂ ਦਿੱਲੀ ਵਿਚ ਵਿਗਿਆਨ ਤੇ ਵਾਤਾਵਰਣ ਕੇਂਦਰ (CSE) ਵੱਲੋਂ ਕਰਵਾਏ ਜਾਣ ਵਾਲੇ ਸਮਾਗਮ ਦੌਰਾਨ ਦਿੱਤੇ ਜਾਣਗੇ।